# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## <u>ਪ੍ਰੈਸ ਨੋਟ</u>

## <u>ਮੁਹੱਲਾ ਗੋਕਲ ਨਗਰ ਵੈਲਫੈਅਰ ਅਸੋਸੀਏਸ਼ਨ ਨੇ ਸਮਸਿੱਆਵਾਂ ਸਬੰਧੀ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੂੰ ਦਿੱਤਾ ਮੰਗ ਪੱਤਰ।</u>

ਹੁਸ਼ਿਆਰਪੁਰ 3 ਜੁਲਾਈ ਮੁਹੱਲਾ ਗੋਕਲ ਨਗਰ ਵੈਲਫੈਅਰ ਅਸੋਸੀਏਸ਼ਨ ਦੇ ਪ੍ਰਧਾਨ ਬੀ.ਆਰ ਚੋਹਾਨ ਵਾਰਡ ਨੰਬਰ 21 ਦੇ ਕੋਂਸਲਰ ਹਰਪਿੰਦਰ ਸਿੰਘ ਗਿੱਲ ਅਤੇ ਵਾਰਡ ਨੰਬਰ 24 ਦੇ ਕੋਂਸਲਰ ਬਿਕਰਮਜੀਤ ਸਿੰਘ ਕਲੱਸੀ ਦੀ ਅਗਵਾਈ ਵਿੱਚ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੂੰ ਉਹਨ੍ਹਾਂ ਦੇ ਦਫਤਰ ਵਿਖੇ ਮਿਲੇ ਅਤੇ ਮੁਹੱਲਾ ਗੋਕਲ ਨਗਰ ਅਤੇ ਰੂਪ ਨਗਰ ਦੀਆਂ ਸਮਸਿੱਆਵਾਂ ਸਬੰਧੀ ਮੰਗ ਪੱਤਰ ਦਿਦਿੰਆਂ ਦੱਸਿਆ ਕਿ ਮੁਹੱਲਾ ਗੋਕਲ ਨਗਰ ਅਤੇ ਰੂਪ ਨਗਰ ਦੀਆਂ ਸੜਕਾਂ ਤੇ ਬਰਸਾਤੀ ਪਾਣੀ ਖੜਾ ਰਹਿੰਦਾ ਹੈ, ਪੀਣ ਵਾਲਾ ਪਾਣੀ ਸਾਫ ਨਹੀ ਆ ਰਿਹਾ ਹੈ। ਇਸ ਤੋਂ ਇਲਾਵਾ ਕੁੱਝ ਸਟ੍ਰੀਟ ਲਾਈਟਾਂ ਵੀ ਖਰਾਬ ਹਨ ਇਹਨ੍ਹਾਂ ਨੂੰ ਠੀਕ ਕਰਵਾਇਆ ਜਾਵੇ।ਮੇਅਰ ਸ਼ਿਵ ਸੂਦ ਨੇ ਭਰੋਸਾ ਦਿਵਾਇਆ ਕਿ ਉਹਨ੍ਹਾ ਦੀਆਂ ਮੰਗਾਂ ਤੇ ਪਹਿਲ ਦੇ ਆਧਾਰ ਤੇ ਗੋਰ ਕੀਤਾ ਜਾਵੇਗਾ।

ਇਸ ਮੋਕੇ ਤੇ ਕੋਂਸਲਰ ਨਰਿੰਦਰ ਕੋਰ, ਸੰਤੋਖ ਸਿੰਘ ਔਜਲਾ, ਨਰਿੰਦਰ ਸਿੰਘ, ਰਜਨੀਸ਼ ਪਰਾਸ਼ਰ, ਅਨਿਲ ਠਾਕੁਰ, ਯਸ਼ਪਾਲ ਪਰਾਸ਼ਰ ਵੀ ਇਸ ਮੌਕੇ ਤੇ ਹਾਜ਼ਰ ਸਨ।